# PC–5912/NK

**O–2/2110**

## ਸਾਹਿਤ ਆਲੋਚਨਾ ਦੇ ਸਿਧਾਂਤ (ਭਾਰਤੀ ਕਾਵਿ ਸ਼ਾਸਤਰ ਅਤੇ ਪੰਜਾਬੀ ਆਲੋਚਨਾ)–P-1020

(Semester–I)

(Regular & Distance Education)

Time : Three Hours] [Maximum Marks : 60

**ਨੋਟ :**

1. ਪਹਿਲੇ ਭਾਗ (ਭਾਗ ੳ) ਵਿਚ ਦੋ ਪ੍ਰਸ਼ਨ ਪੁੱਛੇ ਗਏ ਹਨ, ਜਿਨ੍ਹਾਂ ਵਿਚੋਂ *ਇਕ* ਪ੍ਰਸ਼ਨ ਕਰਨਾ ਹੈ। ਇਹ ਪ੍ਰਸ਼ਨ 9 ਅੰਕਾਂ ਦਾ ਹੈ।

2. ਭਾਗ (ਅ) ਦੇ ਤਿੰਨ ਉਪ-ਭਾਗਾਂ (ਅ-1, ਅ-2, ਅ-3) ਵਿਚੋਂ ਦੋ-ਦੋ ਪ੍ਰਸ਼ਨ ਪੁੱਛੇ ਗਏ ਹਨ। ਇਨ੍ਹਾਂ ਛੇ ਪ੍ਰਸ਼ਨਾਂ ਵਿਚੋਂ *ਤਿੰਨ* ਪ੍ਰਸ਼ਨ ਹੱਲ ਕਰਨੇ ਹਨ। ਹਰ ਇਕ ਉਪ-ਭਾਗ ਵਿਚੋਂ *ਇਕ-ਇਕ* ਪ੍ਰਸ਼ਨ ਹੀ ਹੱਲ ਕਰਨਾ ਹੈ। ਇਨ੍ਹਾਂ ਤਿੰਨਾਂ ਪ੍ਰਸ਼ਨਾਂ ਦੇ 9×3=27 ਅੰਕ ਹਨ।

3. ਤੀਜੇ ਭਾਗ (ਭਾਗ ੲ) ਦੇ ਸਾਰੇ ਬਾਰਾਂ ਦੇ ਬਾਰਾਂ ਪ੍ਰਸ਼ਨ ਲਾਜ਼ਮੀ ਹਨ, ਇਨ੍ਹਾਂ ਦੇ ਸੰਖੇਪ ਉੱਤਰ ਦੇਣੇ ਹਨ, ਇਹ ਸਾਰੇ ਪ੍ਰਸ਼ਨ 12×2=24 ਅੰਕਾਂ ਦੇ ਹਨ।

4. ਉੱਤਰ ਪ੍ਰਸ਼ਨ ਨੂੰ ਧਿਆਨ ਵਿਚ ਰੱਖ ਕੇ ਅਤੇ ਪ੍ਰਸ਼ਨ ਦੀ ਸੀਮਾ ਵਿਚ ਰਹਿ ਕੇ ਦਿੱਤੇ ਜਾਣ।

## ਭਾਗ–ੳ

I. ਕਾਵਿ ਦੇ ਸਰੂਪ ਅਤੇ ਲੱਛਣਾਂ ਬਾਰੇ ਚਰਚਾ ਕਰੋ।

II. 'ਕਾਵਿਗਤ ਗੁਣ' ਦਾ ਵਿਸ਼ਲੇਸ਼ਣ ਕਰੋ।

## ਭਾਗ–ਅ

**ਅ–1**

III. ਭਾਰਤੀ ਕਾਵਿ ਸ਼ਾਸਤਰ ਅਨੁਸਾਰ 'ਅਲੰਕਾਰ ਸੰਪਰਦਾਇ' ਦੀ ਵਿਆਖਿਆ ਕਰੋ।

IV. 'ਰਸ ਸੰਪਰਦਾਇ' ਦੀ ਸਮੀਖਿਆ ਕਰੋ।

**ਅ–2**

V. 'ਧੁਨੀ ਸੰਪਰਦਾਇ' ਉਤੇ ਵਿਸ਼ਲੇਸ਼ਣਾਤਮਕ ਨੋਟ ਲਿਖੋ।

VI. 'ਔਚਿਤਯ ਸੰਪਰਦਾਇ' ਦਾ ਵਿਵੇਚਨ ਕਰੋ।

VII. ਪੰਜਾਬੀ ਆਲੋਚਨਾ ਦੇ ਮੁੱਢਲੇ ਪੜਾਅ ਵਿਚ ਬਾਵਾ ਬੁੱਧ ਸਿੰਘ ਦੀ ਦੇਣ ਬਾਰੇ ਚਰਚਾ ਕਰੋ।

VIII. ਪੰਜਾਬੀ ਮੈਟਾ-ਆਲੋਚਨਾ ਦੇ ਖੇਤਰ ਵਿਚ ਹੋਏ ਕੰਮ ਦਾ ਅਧਿਐਨ ਪ੍ਰਸਤੁਤ ਕਰੋ।

## ਭਾਗ-ੲ

IX. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਭਾਰਤੀ ਕਾਵਿ ਸ਼ਾਸਤਰ ਅਨੁਸਾਰ 'ਕਾਵਿਗਤ ਦੋਸ਼' ਬਾਰੇ ਸੰਖੇਪ ਨੋਟ ਲਿਖੋ।

2. ਭਾਰਤੀ ਕਾਵਿ ਸ਼ਾਸਤਰ ਅਨੁਸਾਰ 'ਕਾਵਿ ਦੇ ਪ੍ਰਯੋਜਨ' ਦੀ ਸੰਖੇਪ ਵਿਆਖਿਆ ਕਰੋ।

3. 'ਵਕ੍ਰੋਕਤੀ ਸੰਪਰਦਾਇ' ਨੂੰ ਪਰਿਭਾਸ਼ਿਤ ਕਰੋ।

4. 'ਰੀਤੀ ਸੰਪਰਦਾਇ' ਬਾਰੇ ਸੰਖੇਪ ਚਰਚਾ ਕਰੋ।

5. 'ਕਾਵਿ ਦੇ ਭੇਦ' ਕਿਹੜੇ-ਕਿਹੜੇ ਹਨ? ਸੰਖੇਪ ਨੋਟ ਲਿਖੋ।

6. ਭਾਰਤੀ ਕਾਵਿ ਸ਼ਾਸਤਰ ਅਨੁਸਾਰ ਅਲੰਕਾਰਾਂ ਦੀਆਂ ਕਿੰਨੀਆਂ ਅਤੇ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਮੰਨੀਆਂ ਗਈਆਂ ਹਨ?

7. 'ਸਾਧਾਰਣੀਕਰਣ' ਦੀ ਸੰਖੇਪ ਵਿਚ ਵਿਆਖਿਆ ਕਰੋ।

8. ਭਾਰਤੀ ਕਾਵਿ ਸ਼ਾਸਤਰ ਅਨੁਸਾਰ 'ਕਾਵਿ ਦੇ ਵਿਸ਼ੇ' ਕਿਹੜੇ ਹਨ? ਸੰਖੇਪ ਚਰਚਾ ਕਰੋ।

9. ਵੀਹਵੀਂ ਸਦੀ ਦੇ ਮੁਢਲੇ ਵਿਧੀਵਤ ਪੰਜਾਬੀ ਆਲੋਚਕਾਂ ਦੇ ਕੰਮ ਬਾਰੇ ਸੰਖੇਪ ਟਿੱਪਣੀ ਕਰੋ।

10. ਮੈਟਾ-ਆਲੋਚਨਾ ਨੂੰ ਪਰਿਭਾਸ਼ਤ ਕਰੋ।

11. ਮੋਹਨ ਸਿੰਘ ਦੀਵਾਨਾ ਦੀਆਂ ਪ੍ਰਮੁੱਖ ਆਲੋਚਨਾਤਮਕ ਪੁਸਤਕਾਂ ਦੇ ਨਾਂ ਦੱਸੋ।

12. ਮੌਲਾ ਬਖ਼ਸ਼ ਕੁਸ਼ਤਾ ਦੇ ਪੰਜਾਬੀ ਆਲੋਚਨਾਤਮਕ ਕਾਰਜ ਅਤੇ ਸੰਖੇਪ ਟਿੱਪਣੀ ਕਰੋ।

———————